ਨਵਜੰਮੇ ਬੱਚੇ ਲਈ ਚਿਤਾਵਨੀ ਵਾਲੇ ਸੰਕੇਤ

911 'ਤੇ ਕਾਲ
ਕਰੋ ਜੇਕਰ ਤੁਹਾਡਾ ਬੱਚਾ:

- ਸਾਹ ਨਹੀਂ ਲੈ ਰਿਹਾ
- ਪ੍ਰਤਿਕਿਰਿਆ ਨਹੀਂ ਕਰ ਰਿਹਾ (ਕੋਈ ਪ੍ਰਤਿਕਿਰਿਆ ਨਹੀਂ ਕਰ ਰਿਹਾ)
- ਨੂੰ ਦੌਰਾ ਪਿਆ ਹੈ

ਆਪਣੀ ਸੂਝ-ਬੂਝ 'ਤੇ ਭਰੋਸਾ ਕਰੋ

ਜੇ ਤੁਹਾਡੇ ਬੱਚੇ ਵਿੱਚ ਹੇਠ ਲਿਖੇ ਲੱਛਣ ਹੋਣ, ਤਾਂ ਉਸਨੂੰ ਤੁਰੰਤ ਐਮਰਜੈਂਸੀ ਵਿਭਾਗ ਜਾਂ ਤੁਰੰਤ ਇਲਾਜ ਕੇਂਦਰ ਲੈ ਜਾਓ:

- ਸਾਹ ਲੈਣ ਵਿੱਚ ਦਿੱਕਤ ਆ ਰਹੀ ਹੈ
- ਰੰਗ ਵਿੱਚ ਅਚਾਨਕ ਤਬਦੀਲੀ ਆਉਂਦੀ ਹੈ
- ਹਰੇ ਰੰਗ ਦੀ ਉਲਟੀ ਹੁੰਦੀ ਹੈ

ਜੇਕਰ ਤੁਹਾਡੇ ਨਵਜੰਮੇ ਬੱਚੇ ਨੂੰ ਇਹ ਸਮੱਸਿਆਵਾਂ ਹੁੰਦੀਆਂ ਹਨ ਤਾਂ ਉਸਦੇ ਸਿਹਤ ਸੰਭਾਲ ਪ੍ਰਦਾਤਾ ਨੂੰ ਕਾੱਲ ਕਰੋ:

- ਉਸਦਾ ਤਾਪਮਾਨ 97.7°F (36.5°C) ਤੋਂ ਘੱਟ ਜਾਂ 100.4°F (38 °C) ਤੋਂ ਜ਼ਿਆਦਾ ਹੈ
- ਸਹੀ ਤਰੀਕੇ ਨਾਲ ਭੋਜਨ ਨਹੀਂ ਲੈ ਰਿਹਾ
- ਗਿੱਲੇ ਜਾਂ ਗੰਦੇ ਡਾਇਪਰਾਂ ਵਿੱਚ ਤਬਦੀਲੀ ਆਉਂਦੀ ਹੈ
- ਬਿਮਾਰੀ ਜਾਂ ਲਾਗ ਦੇ ਲੱਛਣ ਦਿਖਾਉਂਦਾ ਹੈ
- ਅੱਖਾਂ ਜਾਂ ਚਮੜੀ ਦਾ ਰੰਗ ਪੀਲਾ ਹੋ ਜਾਂਦਾ ਹੈ
- ਆਮ ਦੇ ਮੁਕਾਬਲੇ ਜ਼ਿਆਦਾ ਰੋ ਰਿਹਾ ਹੈ

ਨਵਜੰਮੇ ਬੱਚੇ ਵਿੱਚ ਦਿਖਾਈ ਦੇਣ ਵਾਲੇ ਇਹ ਚਿਤਾਵਨੀ ਵਾਲੇ ਸੰਕੇਤ ਡਾਕਟਰੀ ਦੇਖਭਾਲ ਤੋਂ ਬਿਨਾਂ ਜਾਨਲੇਵਾ ਬਣ ਸਕਦੇ ਹਨ।

- **ਜੇਕਰ ਤੁਹਾਡਾ ਬੱਚਾ ਸਾਹ ਨਹੀਂ ਲੈ ਰਿਹਾ ਹੈ,** ਤਾਂ ਤੁਰੰਤ CPR ਸ਼ੁਰੂ ਕਰੋ।
- **ਜੇਕਰ ਬੱਚਾ ਕੋਈ ਪ੍ਰਤਿਕਿਰਿਆ ਨਹੀਂ ਦਿੰਦਾ,** ਤਾਂ ਉਸਦਾ ਸਰੀਰ ਕਪੜੇ ਦੀ ਗੁੱਡੀ ਵਾਂਗ ਢਿੱਲਮ-ਢਿੱਲਾ ਜਾਂ ਬੇਜਾਨ ਹੁੰਦਾ ਹੈ ਅਤੇ ਉਹ ਜਾਗ ਨਹੀਂ ਪਾਉਂਦਾ।
- **ਦੌਰੇ ਸਰੀਰ** ਦੀਆਂ ਅਸਧਾਰਨ ਅਤੇ ਤਾਲਬੱਧ ਹਰਕਤਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਤੁਸੀਂ ਰੋਕ ਨਹੀਂ ਸਕਦੇ।
- **ਤੁਹਾਡੇ ਬੱਚੇ ਨੂੰ ਸਾਹ ਲੈਣ ਵਿੱਚ ਦਿੱਕਤ ਹੋ ਸਕਦੀ ਹੈ ਜੇਕਰ:**
  - ਉਨ੍ਹਾਂ ਦੇ ਸਾਹ ਲੈਣ ਵਿੱਚ ਰੁਕਾਵਟ ਆਉਂਦੀ ਹੈ, ਜਿਸ ਨਾਲ ਤੁਹਾਨੂੰ ਚਿੰਤਾ ਹੁੰਦੀ ਹੈ।
  - ਉਹ ਤੇਜ਼-ਤੇਜ਼ ਸਾਹ ਲੈ ਰਹੇ ਹਨ (ਪ੍ਰਤੀ ਮਿੰਟ 60 ਤੋਂ ਵੱਧ ਸਾਹ)
  - ਸਾਹ ਲੈਂਦੇ ਸਮੇਂ ਬੱਚੇ ਦੇ ਸਾਹ ਵਿੱਚ ਆਵਾਜ਼ ਆਉਂਦੀ ਹੈ (ਸੀਟੀ ਜਾਂ ਘਰਘਰਾਹਟ)
  - ਹਰ ਸਾਹ ਨਾਲ ਉਨ੍ਹਾਂ ਦੀਆਂ ਪਸਲੀਆਂ ਦੇ ਥੱਲੇ ਜਾਂ ਵਿਚਕਾਰ ਅਤੇ/ਜਾਂ ਗਰਦਨ ਵਿੱਚ ਖਿੱਚ ਪੈ ਰਹੀ ਹੈ
- **ਰੰਗ ਵਿੱਚ ਅਚਾਨਕ ਤਬਦੀਲੀ** ਦਾ ਮਤਲਬ ਹੈ ਕਿ ਤੁਹਾਡੇ ਬੱਚੇ ਦਾ ਰੰਗ ਨੀਲਾ, ਸਲੇਟੀ ਜਾਂ ਫਿੱਕਾ ਪੈ ਸਕਦਾ ਹੈ, ਖਾਸ ਕਰਕੇ ਮੂੰਹ/ਬੁੱਲ੍ਹਾਂ/ਜੀਭ ਦੇ ਆਲੇ-ਦੁਆਲੇ।
- **ਹਰੇ ਰੰਗ ਦੀ ਉਲਟੀ** ਸਰਜੀਕਲ ਐਮਰਜੈਂਸੀ (ਤੁਰੰਤ ਸਰਜਰੀ ਦੀ ਲੋੜ ਵਾਲੀ ਸਥਿਤੀ) ਦਾ ਸੰਕੇਤ ਹੋ ਸਕਦੀ ਹੈ।

ਸਿਹਤ ਸੰਭਾਲ ਪ੍ਰਦਾਤਾ ਦਾ ਨਾਮ/ਨੰਬਰ:

_____

ਸਭ ਤੋਂ ਨੇੜਲਾ ਬੱਚਿਆਂ ਦਾ ਹਸਪਤਾਲ:

_____

- **ਜੇਕਰ ਤੁਹਾਡੇ ਬੱਚੇ ਦੇ ਸਰੀਰ ਦਾ ਤਾਪਮਾਨ ਘੱਟ ਜਾਂ ਵੱਧ ਹੋਵੇ,** ਤਾਂ ਸਿਹਤ ਸੰਭਾਲ ਪ੍ਰਦਾਤਾ ਤੁਹਾਨੂੰ ਦੱਸੇਗਾ ਕਿ ਅੱਗੇ ਕੀ ਕਰਨਾ ਹੈ।
- **ਤੁਹਾਡਾ ਬੱਚਾ ਸਹੀ ਢੰਗ ਨਾਲ ਭੋਜਨ ਨਹੀਂ ਲੈ ਰਿਹਾ,** ਇਸਦੇ ਸੰਕੇਤ ਹੇਠ ਲਿਖੇ ਹਨ:
  - ਅਸਧਾਰਨ ਉਲਟੀ
  - 24 ਘੰਟਿਆਂ ਵਿੱਚ 8 ਤੋਂ ਘੱਟ ਵਾਰ ਦੁੱਧ ਪੀ ਰਿਹਾ ਹੈ
  - ਉਸਨੂੰ ਦੁੱਧ ਪਿਲਾਉਣ ਲਈ ਵਾਰ-ਵਾਰ ਜਗਾਉਣਾ ਪੈਂਦਾ ਹੈ
  - ਬਹੁਤ ਵਾਰ ਦੁੱਧ ਪੀਣ ਤੋਂ ਇਨਕਾਰ ਕਰਦਾ ਹੈ
  - ਚੰਗੀ ਤਰ੍ਹਾਂ ਚੂਸਣ ਅਤੇ ਨਿਗਲਣ ਵਿੱਚ ਅਸਮਰਥ ਹੈ
  - ਘੱਟ ਸਮੇਂ ਲਈ ਭੋਜਨ ਲੈ ਰਿਹਾ ਹੈ ਜਾਂ ਬੋਤਲ ਤੋਂ ਆਮ ਨਾਲੋਂ ਘੱਟ ਮਾਤਰਾ ਵਿੱਚ ਲੈ ਰਿਹਾ ਹੈ
- **ਗਿੱਲੇ ਜਾਂ ਗੰਦੇ ਡਾਇਪਰਾਂ ਵਿੱਚ** ਤਬਦੀਲੀ ਆਉਣ ਦਾ ਮਤਲਬ ਹੈ:
  - ਪ੍ਰਤੀ ਦਿਨ ਗਿੱਲੇ ਡਾਇਪਰਾਂ ਦੀ ਗਿਣਤੀ ਵਿੱਚ ਕਮੀ
  - ਪੇਟ ਆਮ ਨਾਲੋਂ ਵਧੇਰੇ ਗੋਲ ਅਤੇ ਸਖ਼ਤ ਜਾਪਦਾ ਹੈ
  - ਡਾਇਪਰ ਵਿੱਚ ਖੂਨ
- **ਬਿਮਾਰੀ ਜਾਂ ਲਾਗ ਦੇ ਲੱਛਣਾਂ ਵਿੱਚ** ਲਾਲੀ ਜਾਂ ਨਾਭੀ ਦੀ ਨਾਲ ਵਾਲੀ ਥਾਂ 'ਤੇ ਰਿਸਾਅ, ਲਿੰਗ ਦੇ ਸਿਰੇ ਨੂੰ ਢੱਕਣ ਵਾਲੀ ਥਾਂ (ਸਰਕਮਸੀਜ਼ਨ ਸਾਈਟ) ਤੋਂ ਖੂਨ ਜਾਂ ਤਰਲ ਪਦਾਰਥ ਨਿਕਲਣਾ, ਖਾਂਸੀ, ਅਤੇ ਨੱਕ ਵਗਣਾ ਜਾਂ ਨੱਕ ਬੰਦ ਹੋਣਾ ਸ਼ਾਮਿਲ ਹੋ ਸਕਦੇ ਹਨ।
- **ਅੱਖਾਂ ਜਾਂ ਚਮੜੀ ਦਾ ਪੀਲਾ ਹੋਣਾ** ਪੀਲੀਆ ਦਾ ਸੰਕੇਤ ਹੈ ਜਿਹੜਾ ਮੁਲਾਂਕਣ ਸਿਹਤ ਸੰਭਾਲ ਪ੍ਰਦਾਤਾ ਦੁਆਰਾ ਕੀਤਾ ਜਾਣਾ ਚਾਹੀਦਾ ਹੈ।
- **ਆਮ ਦੇ ਮੁਕਾਬਲੇ ਜ਼ਿਆਦਾ ਰੋਣ** ਦਾ ਮਤਲਬ ਹੈ ਕਿ ਤੁਹਾਡਾ ਬੱਚਾ ਬਹੁਤ ਜ਼ਿਆਦਾ ਚਿੜਚਿੜਾ ਹੋ ਗਿਆ ਹੈ ਅਤੇ ਉਸਨੂੰ ਚੁੱਪ ਕਰਵਾਉਣਾ ਮੁਸ਼ਕਲ ਹੈ।

ਹਰੇਕ ਬੱਚਾ ਅਲਗ ਹੁੰਦਾ ਹੈ। ਆਪਣੇ ਬੱਚੇ ਬਾਰੇ ਆਪਣੀ ਜਾਣਕਾਰੀ 'ਤੇ ਭਰੋਸਾ ਰੱਖੋ ਅਤੇ ਜੇਕਰ ਤੁਹਾਨੂੰ ਕੋਈ ਅਜਿਹੇ ਲੱਛਣ ਦਿਖਾਈ ਦੇਣ ਜੋ ਚਿੰਤਾਜਨਕ ਲੱਗਣ, ਤਾਂ ਆਪਣੇ ਬੱਚੇ ਦੇ ਡਾਕਟਰ ਜਾਂ ਸਿਹਤ-ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।

AWHONN
PROMOTING THE HEALTH OF WOMEN AND NEWBORNS

ਇਸ ਪ੍ਰੋਗਰਾਮ ਨੂੰ Merck ਦੁਆਰਾ Merck for Mothers ਰਾਹੀਂ ਰਕਮਾਂ ਮਿਲਦੀਆਂ ਹਨ, ਇਹ ਕੰਪਨੀ ਦੀ ਆਲਮੀ ਪਹਿਲਕਦਮੀ ਹੈ, ਜਿਸਦਾ ਉਦੇਸ਼ ਇੱਕ ਅਜਿਹੀ ਦੁਨੀਆ ਬਣਾਉਣ ਵਿੱਚ ਮਦਦ ਕਰਨਾ ਹੈ ਜਿੱਥੇ ਕਿਸੇ ਵੀ ਔਰਤ ਨੂੰ ਬੱਚੇ ਨੂੰ ਜਨਮ ਦਿੰਦੇ ਹੋਏ ਆਪਣੀ ਜਾਨ ਨਾ ਗੁਆਉਣੀ ਪਏ। Merck for Mothers ਨੂੰ ਸੰਯੁਕਤ ਰਾਜ ਅਮਰੀਕਾ ਅਤੇ ਕੈਨੇਡਾ ਤੋਂ ਬਾਹਰ MSD for Mothers ਵਜੋਂ ਜਾਣਿਆ ਜਾਂਦਾ ਹੈ।

©2026 ਔਰਤਾਂ ਦੀ ਸਿਹਤ, ਜਣੇਪੇ ਅਤੇ ਨਵਜੰਮੇ ਬੱਚਿਆਂ ਦੀ ਦੇਖਭਾਲ ਕਰਨ ਵਾਲੀਆਂ ਨਰਸਾਂ ਦੀ ਐਸੋਸੀਏਸ਼ਨ (Association of Women's Health, Obstetric and Neonatal Nurses)। ਸਾਰੇ ਅਧਿਕਾਰ ਰਾਖਵੇਂ ਹਨ। ਸਿਰਫ਼ ਮਰੀਜ਼ਾਂ ਦੀ ਜਾਣਕਾਰੀ ਲਈ ਅਸੀਮਤ ਪ੍ਰਿੰਟ ਕਾਪੀਆਂ ਦੀ ਇਜਾਜ਼ਤ ਹੈ। ਮੁੜ-ਪ੍ਰਕਾਸ਼ਨ ਨਾਲ ਜੁੜੀਆਂ ਬਾਕੀ ਸਾਰੀਆਂ ਬੇਨਤੀਆਂ ਵਾਸਤੇ, ਕਿਰਪਾ ਕਰਕੇ permissions@awhonn.org 'ਤੇ ਸੰਪਰਕ ਕਰੋ।